# ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ
## (ਦਫਤਰ:ਮੁੱਖ ਪ੍ਰਬੰਧਕੀ /ਆਈ.ਆਰ(ਈ.ਐਨ.ਜੀ.-3,ਪਟਿਆਲਾ)

ਵੱਲ

1) ਸਾਰੇ ਇੰਜ:-ਇੰਨ-ਚੀਫ / ਮੁੱਖ ਇੰਜੀ:/ਜਨਰਲ ਮੈਨੇਜਰ ਸਮੇਤ ਹਾਈਡਲ ਅਧੀਨ ਪੀ.ਐਸ.ਪੀ.ਸੀ.ਐਲ.,ਪੀ.ਐਸ.ਟੀ.ਸੀ.ਐਲ ਅਤੇ ਬੀ.ਬੀ.ਐਮ.ਬੀ.।
2) ਸਾਰੇ ਮੁੱਖ ਲੇਖਾ-ਅਫਸਰ , ਪੀ.ਐਸ.ਪੀ.ਸੀ.ਐਲ.ਪਟਿਆਲਾ।
3) ਮੁੱਖ ਆਡੀਟਰ, ਪੀ.ਐਸ.ਪੀ.ਸੀ.ਐਲ.ਪਟਿਆਲਾ।
4) ਮੁੱਖ ਕਾਸਟ ਕੰਟਰੋਲਰ ਅਤੇ ਰਿਡਕਸ਼ਨ, ਪੀ.ਐਸ.ਪੀ.ਸੀ.ਐਲ.ਪਟਿਆਲਾ।
5) ਏ.ਡੀ.ਜੀ.ਪੀ./ਵੀ ਤੇ ਐਮ, ਪੀ.ਐਸ.ਪੀ.ਸੀ.ਐਲ.ਪਟਿਆਲਾ।
6) ਪੀ.ਐਸ.ਪੀ.ਸੀ.ਐਲ. ਅਤੇ ਪੀ.ਐਸ.ਟੀ.ਸੀ.ਐਲ ਦੇ ਸਾਰੇ ਭਾਗਾਂ ਦੇ ਮੁੱਖੀ ।

ਮੀਮੋ ਨੰ: 74662/1961 / ਈ.ਐਨ.ਜੀ.- -3/ਈ.ਬੀ./37 /ਵਾ: 5
ਮਿਤੀ: 26-10-12

**ਵਿਸ਼ਾ-** **ਸ੍ਰੀ ਇੰਦਰਜੀਤ ਸਿੰਘ ਸੁਪਰਡੈਂਟ ਗ੍ਰੇਡ-2 (ਜਨਮ ਮਿਤੀ: 15.10.59) ਅਨੁਸੂਚਿਤ ਜਾਤੀ ਨੂੰ ਫੁੱਟ ਨੋਟ ਵਿਚੋਂ ਕੱਢ ਕੇ ਪਰਸਪਰ ਪ੍ਰੋਵੀਜਨਲ ਸੀਨੀਆਰਤਾ ਬਤੌਰ ਸੀਨੀ. ਸਹਾਇਕ ਜਾਰੀ ਕਰਨ ਸੰਬਧੀ**

ਸ੍ਰੀ ਇੰਦਰਜੀਤ ਸਿੰਘ (ਜਨਮ ਮਿਤੀ: 15.10.59) ਅਨੁਸੂਚਿਤ ਜਾਤੀ ਸੀਨੀ. ਸਹਾ: ਹੁਣ ਸੁਪਰਡੈਂਟ ਗ੍ਰੇਡ-2 ਨੂੰ ਸਕੱਤਰ ਬੋਰਡ ਦੇ ਪੱਤਰ ਨੰ: 133427/134049 ਮਿਤੀ: 26.6.96 ਅਤੇ ਉਪ ਸਕੱਤਰ/ਸੇਵਾਵਾਂ-2 (ਆਈ.ਆਰ.ਪੀ) ਸੈਲ ,ਪਟਿਆਲਾ ਦੇ ਪੱਤਰ ਨੰ:220 ਮਿਤੀ:20.10.12 ਰਾਹੀ ਮਿਲੀ ਸੋਧ ਅਨੁਸਾਰਸ੍ਰੀ ਇੰਦਰਜੀਤ ਸਿੰਘ, ਸੀਨੀ. ਸਹਾਇਕ (ਹੁਣ ਸੁਪਰਡੈਂਟ ਗ੍ਰੇਡ-2) ਨੂੰ ਸੀਨੀ. ਸਹਾਇਕਾਂ ਦੀ ਸੀਨੀਆਰਤਾ ਸੂਚੀ ਸਮਾਂ 1.8.01 ਤੋਂ 31.12.03 ਵਿਚ ਅਨੁਸੂਚਿਤ ਜਾਤੀ ਦਾ ਕਰਮਚਾਰੀ ਹੋਣ ਕਾਰਨ ਫੁੱਟ ਨੋਟ ਵਿਚ ਰੱਖਿਆ ਗਿਆ ਸੀ। ਉਪਰੋਕਤ ਦਰਸਾਈਆਂ ਹਦਾਇਤਾਂ ਅਨੁਸਾਰ ਜੇਕਰ ਜਰਨਲ ਕੈਟਾਗਿਰੀ ਦਾ ਜੂਨੀਅਰ ਕਰਮਚਾਰੀ ਪੱਦ-ਉਨਤ ਹੋ ਜਾਂਦਾ ਹੈ ਤਾਂ ਅ: ਜਾ: ਦੇ ਕਰਮਚਾਰੀ ਨੂੰ ਫੁੱਟ ਨੋਟ ਵਿਚੋਂ ਕੱਢ ਕੇ ਸੀਨੀਆਰਤਾ ਦਿੱਤੀ ਜਾ ਸਕਦੀ ਹੈ। ਇਸ ਕੇਸ ਵਿਚ ਸ੍ਰੀ ਨਰਿੰਦਰ ਸਿੰਘ (ਜਨਮ ਮਿਤੀ: 30.9.58) ਜੋ ਜਨਰਲ ਵਰਗ ਦਾ ਕਰਮਚਾਰੀ ਹੈ ਅਤੇ ਸ੍ਰੀ ਇੰਦਰਜੀਤ ਸਿੰਘ (ਅ:ਜ:) ਨਾਲੋਂ ਜੂਨੀਅਰ ਹੈ,ਦੀ ਤਰੱਕੀ ਬਤੌਰ ਸੁਪਰਡੈਂਟ ਗ੍ਰੇਡ-2 ਮਿਤੀ: 24.7.12 ਨੂੰ ਕੀਤੀ ਗਈ ਹੈ। ਇਸ ਲਈ ਵਿਸ਼ਾ ਚਰਚਿਤ ਕਰਮਚਾਰੀ ਨੂੰ ਹੇਠ ਲਿਖੇ ਅਨੁਸਾਰ ਫੁੱਟ ਨੋਟ ਵਿਚੋਂ ਕੱਢ ਕੇ (ਸੀਨੀਆਰਤਾ ਸੂਚੀ 1.1.04 ਤੋਂ 30.6.05) ਦੇ ਵਿਚ ਸੀਨੀਆਰਤਾ ਪ੍ਰਦਾਨ ਕੀਤੀ ਜਾਂਦੀ ਹੈ:-

| ਕ੍ਰਮ ਨੰ: | ਸੀਨੀਆਰਤਾ ਨੰ: ਬਤੌਰ ਸੀਨੀ. ਸਹਾ: | ਕਰਮਚਾਰੀ ਦਾ ਨਾਂ /ਪਿਤਾ ਦਾ ਨਾਂ | ਜਨਮ ਮਿਤੀ | ਪਹਿਲਾਂ ਜਾਰੀ ਕੀਤਾ ਸੀਨੀ: ਨੰਬਰ (ਬਤੌਰ ਹਲਕਾ ਸਹਾ:) | ਬੋਰਡ ਵਿਚ ਲੱਗਣ ਦੀ ਮਿਤੀ | ਮੌਜੂਦਾ ਅਸਾਮੀ ਤੇ ਲੱਗਣ ਦੀ ਮਿਤੀ | ਵਿਸ਼ੇਸ਼ ਕਥਨ |
|---|---|---|---|---|---|---|---|
| 1. | 1345 | ਕੁਲਦੀਪ ਸਿੰਘ/ ਚੰਬਾ ਸਿੰਘ | 19.4.55 | 2482 | 29.10.76 | 25.2.05 ਬਤੌਰ ਸੀਨੀ. ਸਹਾਇਕ | |
| 2. | 1345ਏ | ਇੰਦਰਜੀਤ ਸਿੰਘ /ਸੇਵਾ ਸਿੰਘ | 15.10.59 | 2483 | 1.8.84 | 9.9.03 ਬਤੌਰ ਸੀਨੀ. ਸਹਾ: 24.10.11 ਬਤੌਰ ਸੁਪਰਡੈਂਟ ਗ੍ਰੇਡ-2 | ਅਨੁਸੂਚਿਤ ਜਾਤੀ |
| 3. | 1346 | ਨਰਿੰਦਰ ਸਿੰਘ/ ਮੱਖਣ ਸਿੰਘ | 30.9.58 | 2484 | 15.10.84 | 28.2.05 ਬਤੌਰ ਸੀਨੀ. ਸਹਾਇਕ | - |

ਇਸ ਕਰਮਚਾਰੀ ਨੂੰ ਬਤੌਰ ਸੀਨੀ. ਸਹਾਇਕ ਸੀਨੀਆਰਤਾ ਨੰਬਰ -1345 ਏ ਦੇਣਾ ਬਣਦਾ ਹੈ, ਕਿਉਂਕਿ ਬਤੌਰ ਸੀਨੀ. ਸਹਾਇਕ ਮਿਤੀ: 9.9.03 ਨੂੰ ਰੈਗੂਲਰ ਤਰੱਕੀ ਮਿਲੀ ਹੈ।

ਉਪਰੋਕਤ ਕਰਮਚਾਰੀ ਨੂੰ ਦਿੱਤੀ ਗਈ ਪ੍ਰੋਵੀਜਨਲ ਸੀਨੀਆਰਤਾ ਨੂੰ ਈ.ਐਨ.ਜੀ.-2 ਦੀ ਵੈਬਸਾਈਟ ਤੇ ਪਾਉਂਦੇ ਹੋਏ ਬੇਨਤੀ ਕੀਤੀ ਜਾਂਦੀ ਹੈ ਕਿ ਜੇਕਰ ਕੋਈ ਅ:ਜਾ: ਕਰਮਚਾਰੀ ਇਹ ਅਨੁਭਵ ਕਰੇ ਕਿ ਉਸਦਾ ਠੀਕ ਸੀਨੀਆਰਤਾ ਨੰ: ਅਲਾਟ ਨਹੀਂ ਕੀਤਾ ਗਿਆ ਜਾਂ ਕਿਸੇ ਕਰਮਚਾਰੀ ਦਾ ਨਾਂ ਸੀਨੀਆਰਤਾ ਸੂਚੀ ਵਿਚ ਦਰਜ ਹੋਣ ਤੋਂ ਰਹਿ ਗਿਆ ਹੋਵੇ ਜਾਂ ਕਿਸੇ ਕਰਮਚਾਰੀ ਦੇ ਸੇਵਾ ਵੇਰਵੇ ਗਲਤ ਹੋਣ ਤਾਂ ਉਹ ਆਪਣੀ ਪ੍ਰਤੀਬੇਨਤੀ ਸੂਚੀ ਜਾਰੀ ਹੋਣ ਤੋਂ ਇੱਕ ਮਹੀਨੇ ਦੇ ਅੰਦਰ ਅੰਦਰ ਸਬੰਧਤ ਦਫਤਰਾਂ ਰਾਹੀਂ ਇਸ ਦਫਤਰ ਨੂੰ ਭੇਜਣ ਦੀ ਖੇਚਲ ਕਰੇ। ਇਥੇ ਇਹ ਵੀ ਦੱਸਿਆ ਜਾਂਦਾ ਹੈ ਕਿ ਮਿਥੇ ਸਮੇਂ ਤੋਂ ਬਾਅਦ ਪ੍ਰਾਪਤ ਹੋਣ ਵਾਲੀ ਕਿਸੇ ਵੀ ਪ੍ਰਤੀਬੇਨਤੀ ਤੇ ਕੋਈ ਕਾਰਵਾਈ ਨਹੀਂ ਕੀਤੀ ਜਾਵੇਗੀ।

ਇਹ ਸਮਰੱਥ ਅਧਿਕਾਰੀ ਦੀ ਪ੍ਰਵਾਨਗੀ ਨਾਲ ਜਾਰੀ ਕੀਤਾ ਜਾਂਦਾ ਹੈ ਜੀ।

26-10-12

ਸੁਪਰਡੈਂਟ /ਅ:ਅ:3,
ਪੀ.ਐਸ.ਪੀ.ਸੀ.ਐਲ.,ਪਟਿਆਲਾ।

ਸੀ.ਸੀ.:

ਨਿਗ: ਇੰਜੀ:/ਆਈ.ਟੀ., ਪਾਵਰਕਾਮ, ਪਟਿਆਲਾ ਜੀ ਨੂੰ ਭੇਜਦੇ ਹੋਏ ਬੇਨਤੀ ਕੀਤੀ ਜਾਂਦੀ ਹੈ ਕਿ ਇਹਨਾਂ ਹਦਾਇਤਾਂ ਨੂੰ ਵੈਬਸਾਈਟ ਤੇ ਪਾਇਆ ਜਾਵੇ।